# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਸਿੱਖਿਆ ਭਵਨ, ਈ-ਬਲਾਕ, 5ਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼ - 8, ਸ.ਅ.ਸ ਨਗਰ, ਪੰਜਾਬ

ਫੋਨ ਨੰ: - 0172-5212313 ਫੈਕਸ ਨੰ: - 0172-5212359

ਵੱਲ:

1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ ਤੇ ਐ.ਸਿ), ਪੰਜਾਬ।
2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।
3) ਸਮੂਹ ਸਰਕਾਰੀ ਸਕੂਲਾਂ ਦੇ ਮੁੱਖੀ, ਪੰਜਾਬ।

ਮੀਮੋ ਨੰ: ਸਸਅ/ਮੈਥ-ਸਾਇੰਸ ਸੈਲ/2016/16762
ਮਿਤੀ: 23-11-16

**ਵਿਸ਼ਾ: -** **26 ਨਵੰਬਰ 2016 ਨੂੰ ਬਤੌਰ ਸੰਵਿਧਾਨ ਦਿਨ (Constitution Day) ਮਨਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਮਨੁੱਖੀ ਸਰੋਤ ਵਿਕਾਸ ਮੰਤਰਾਲਾ, ਭਾਰਤ ਸਰਕਾਰ (MHRD, GOI) ਵਲੋਂ ਪ੍ਰਾਪਤ ਪੱਤਰ ਵਿਚ ਦਰਜ ਨਿਰਦੇਸ਼ਾ ਅਨੁਸਾਰ 26 ਨਵੰਬਰ 2016, ਦਿਨ ਸ਼ਨਿਵਾਰ ਨੂੰ ਬਤੌਰ ਸੰਵਿਧਾਨ ਦਿਨ (Constitution Day) ਮਨਾਇਆ ਜਾਣਾ ਹੈ।

3.0 ਇਨ੍ਹਾਂ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਆਪਣੇ ਖੇਤਰ ਦੇ ਸਮੂਹ ਸਰਕਾਰੀ ਸਕੂਲਾਂ ਵਿਚ 26 ਨਵੰਬਰ 2016, ਦਿਨ ਸ਼ਨਿਵਾਰ ਨੂੰ ਬਤੌਰ ਸਵਿਧਾਨ ਦਿਨ ਮਨਾਉਣ ਲਈ ਸਕੂਲ ਦੇ ਵਿਦਿਆਰਥੀਆਂ ਰਾਹੀਂ ਹੇਠ ਲਿੱਖੀਆਂ ਗਤੀਵਿਧੀਆਂ ਕਰਵਾਈਆਂ ਜਾਣ।

1) ਸਵੇਰ ਦੀ ਸਭਾ ਵਿਚ, ਸਕੂਲ ਦੇ ਹੁਸ਼ਿਆਰ ਵਿਦਿਆਰਥੀਆਂ ਤੋਂ ਭਾਰਤ ਦੇ ਸੰਵਿਧਾਨ ਦਾ ਪ੍ਰਸਤਾਵਨਾ (Preamble) ਉਚੀ ਆਵਾਜ਼/ਸੁਰ ਵਿਚ ਪੜਾਇਆ ਜਾਵੇ।
2) ਇਸ ਉਪਰੰਤ ਸੰਵਿਧਾਨ ਦੇ Article 51A ਵਿਚ ਦਰਜ ਬੁਨਿਆਦੀ ਫਰਜ਼ਾਂ (fundamental duties) ਨੂੰ ਵੀ ਸਕੂਲ ਦੇ ਹੁਸ਼ਿਆਰ ਵਿਦਿਆਰਥੀਆਂ ਤੋਂ ਪੜਾਇਆ ਜਾਵੇ ਤਾਂ ਜੋ ਇਨ੍ਹਾਂ ਫਰਜ਼ਾਂ ਸਬੰਧੀ ਬਾਕੀ ਵਿਦਿਆਰਥੀਆਂ ਨੂੰ ਵੀ ਜਾਗਰੂਕ ਕੀਤਾ ਜਾ ਸਕੇ।
3) ਸਕੂਲ ਦੇ ਸਮੂਹ ਵਿਦਿਆਰਥੀਆਂ ਵਿਚ ਭਾਰਤ ਦੇ ਸੰਵਿਧਾਨ ਸਬੰਧੀ ਬਹਿਸ (debates), ਭਾਸ਼ਣ ਮੁਕਾਬਲੇ, ਲੇਖ ਮੁਕਾਬਲੇ ਅਤੇ Quiz competitions ਕਰਵਾਏ ਜਾਣ।

4.0 ਆਪ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਜੇਕਰ 26 ਨਵੰਬਰ 2016, ਦਿਨ ਸ਼ਨਿਵਾਰ ਨੂੰ ਕਿਸੇ ਵੀ ਪ੍ਰਕਾਰ ਦੀ ਛੁੱਟੀ ਹੋ ਜਾਂਦੀ ਹੈ ਤਾਂ ਇਸ ਦਿਨ ਨੂੰ ਬਤੌਰ ਸੰਵਿਧਾਨ ਦਿਨ ਮਨਾਉਣ ਲਈ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਇੱਕ ਦਿਨ ਪਹਿਲਾਂ ਭਾਵ 25 ਨਵੰਬਰ 2016 ਨੂੰ ਕਰਵਾ ਲਈਆਂ ਜਾਣ।

5.0 ਇਸ ਦਿਵਸ ਨੂੰ ਸੁਚਾਰੂ ਢੰਗ ਨਾਲ ਮਨਾਉਣ ਲਈ ਉਪਰੋਕਤ ਦੀ ਇੰਨ-ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ,**
**ਪੰਜਾਬ।**